# ਅੰਡਰਯੂਜ਼ਡ ਹਾਊਸਿੰਗ ਟੈਕਸ (UHT):

## ਇਹ ਕੀ ਹੈ?

### UHT ਕੈਨੇਡਾ ਵਿੱਚ ਇੱਕ ਨਵਾਂ ਫੈਡਰਲ ਟੈਕਸ ਹੈ:

ਇਹ ਕੈਨੇਡਾ ਵਿੱਚ ਖਾਲੀ ਜਾਂ ਅੰਡਰਯੂਜ਼ਡ ਘਰਾਂ ਦੀ ਮਾਲਕੀ 'ਤੇ ਸਾਲਾਨਾ 1% ਟੈਕਸ ਹੈ।

ਜੇਕਰ ਕੋਈ ਵਿਅਕਤੀ UHT ਰਿਟਰਨ ਫਾਈਲ ਕਰਦਾ ਹੈ, ਤਾਂ ਉਹਨਾਂ ਨੂੰ ਟੈਕਸ ਦਾ ਭੁਗਤਾਨ ਵੀ ਕਰਨਾ ਪੈਂਦਾ ਹੈ ਜਦੋਂ ਤੱਕ ਉਹਨਾਂ ਨੂੰ ਛੋਟ ਨਹੀਂ ਦਿੱਤੀ ਜਾਂਦੀ।

### ਪ੍ਰਭਾਵਿਤ ਮਾਲਕ ਕੌਣ ਹੈ?

ਪ੍ਰਭਾਵਿਤ ਰਿਹਾਇਸ਼ੀ ਜਾਇਦਾਦ ਦੇ ਮਾਲਕਾਂ ਨੂੰ ਲਾਜ਼ਮੀ ਤੌਰ 'ਤੇ UHT ਰਿਟਰਨ ਜਮ੍ਹਾਂ ਕਰਾਉਣੀ ਅਤੇ ਟੈਕਸ ਦਾ ਭੁਗਤਾਨ ਕਰਨਾ ਚਾਹੀਦਾ ਹੈ। ਫਿਰ ਵੀ, ਹੋ ਸਕਦਾ ਹੈ ਕਿ ਤੁਹਾਨੂੰ ਭੁਗਤਾਨ ਕਰਨ ਦੀ ਲੋੜ ਨਾ ਪਵੇ ਭਾਵੇਂ ਤੁਹਾਨੂੰ ਫਾਈਲ ਕਰਨ ਦੀ ਲੋੜ ਹੋਵੇ। ਇਹ ਪਤਾ ਲਗਾਉਣ ਲਈ ਕਿ ਕੀ ਤੁਸੀਂ ਪ੍ਰਭਾਵਿਤ ਮਾਲਕ ਹੋ, ਤਾ canada.ca/cra-uht'ਤੇ ਜਾਓ।

### ਰਿਟਰਨ ਕਦੋਂ ਭਰਨੀ ਹੈ ਅਤੇ ਟੈਕਸ ਦਾ ਭੁਗਤਾਨ ਕਦੋਂ ਕਰਨਾ ਹੈ

ਪਿਛਲੇ ਕੈਲੰਡਰ ਸਾਲ ਦੀ 31 ਦਸੰਬਰ ਤੱਕ ਮਲਕੀਅਤ ਵਾਲੀਆਂ ਜਾਇਦਾਦਾਂ ਲਈ ਤੁਹਾਡੀ UHT ਰਿਟਰਨ ਫਾਈਲ ਕਰਨ, ਕੋਈ ਵੀ ਚੋਣ ਕਰਨ, ਅਤੇ ਕਿਸੇ ਵੀ ਬਕਾਇਆ ਰਕਮ ਦਾ ਭੁਗਤਾਨ ਕਰਨ ਦੀ ਨਿਯਤ ਮਿਤੀ 30 ਅਪ੍ਰੈਲ ਹੈ।

### ਰਿਟਰਨ ਕਿਵੇਂ ਫਾਈਲ ਕਰਨੀ ਹੈ

ਤੁਸੀਂ ਆਪਣੀ UHT ਰਿਟਰਨ ਫਾਈਲ ਕਰ ਸਕਦੇ ਹੋ:

- ਇਲੈਕਟ੍ਰਾਨਿਕ ਤੌਰ 'ਤੇ
- ਡਾਕ ਦੁਆਰਾ
- ਫੈਕਸ ਦੁਆਰਾ

ਇਲੈਕਟ੍ਰਾਨਿਕ ਤੌਰ 'ਤੇ ਡਾਕ ਜਾਂ ਫੈਕਸ ਦੁਆਰਾ ਫਾਈਲ ਕਰਨ ਲਈ ਫਾਰਮ UHT-2900, ਅੰਡਰਯੂਜ਼ਡ ਹਾਊਸਿੰਗ ਟੈਕਸ ਰਿਟਰਨ ਅਤੇ ਇਲੈਕਸ਼ਨ ਫਾਰਮ ਦੀ ਵਰਤੋਂ ਕਰੋ ।

### ਟੈਕਸ ਦਾ ਭੁਗਤਾਨ ਕਿਵੇਂ ਕਰਨਾ ਹੈ

ਪ੍ਰਭਾਵਿਤ ਮਾਲਕਾਂ ਦੁਆਰਾ ਕੋਈ ਵੀ ਬਕਾਇਆ ਰਕਮ ਹੇਠਾਂ ਦਿੱਤੇ ਤਰੀਕਿਆਂ ਵਿੱਚੋਂ ਇੱਕ ਦੀ ਵਰਤੋਂ ਕਰਕੇ ਕੈਨੇਡੀਅਨ ਡਾਲਰਾਂ ਵਿੱਚ ਕੀਤੀ ਜਾਣੀ ਚਾਹੀਦੀ ਹੈ:

- My Payment ਦੀ ਵਰਤੋਂ ਕਰਦੇ ਹੋਏ ਔਨਲਾਈਨ ਕੈਨੇਡੀਅਨ ਬੈਂਕ ਅਕਾਊਂਟ ਦੇ ਨਾਲ
- ਵਾਇਰ ਟ੍ਰਾਂਸਫਰ ਜਾਂ ਅੰਤਰਰਾਸ਼ਟਰੀ ਤੌਰ 'ਤੇ ਜਾਰੀ ਕੀਤੇ ਕ੍ਰੈਡਿਟ ਕਾਰਡ ਦੇ ਦੁਆਰਾ
- ਚੈਕ ਦੁਆਰਾ

ਅੰਡਰਯੂਜ਼ਡ ਹਾਊਸਿੰਗ ਟੈਕਸ ਬਾਰੇ ਹੋਰ ਜਾਣਨ ਲਈ, canada.ca/cra-uht ਤੇ ਜਾਓ